# ਬਿਸ਼ਪ ਅਤੇ ਟੀਮ ਡੈਲਟਾ ਨੇ ਨਵੇਂ ਕੈਸੀਨੋ ਤੋਂ ਆਉਣ ਵਾਲੇ ਪੈਸੇ ਦਾ ਕੁਝ ਹਿੱਸਾ 'ਪਾਥਵੇਅ ਟੂ ਹੈਲਥ- ਕੇਅਰ ਕਰੀਓਰ ਇਨੀਸ਼ੀਏਟਿਵ ਲਈ ਨਿਯਤ ਕਰਨ ਦਾ ਪ੍ਰਸਤਾਵ ਦਿੱਤਾ

ਅਗਸਤ 23, **2018** – ਡੈਲਟਾ ਬੀ.ਸੀ.- ਡੈਲਟਾ ਦੇ ਨੌਜੁਆਨ ਵਸਨੀਕਾਂ ਅਤੇ ਹਾਈ ਸਕੂਲ ਗਰੈਜੂਏਟ ਜੋ ਮੈਡੀਸਨ, ਸਾਇੰਸ ਅਤੇ ਕੇਅਰ ਗਿਵਿੰਗ ਵਿੱਚ ਕਰੀਅਰ ਬਣਾਉਣਾ ਚਾਹੁੰਦੇ ਹਨ, ਉਹਨਾਂ ਲਈ ਸਕਾਲਰਸ਼ਿੱਪ, ਬਰਸਰੀਆਂ ਅਤੇ ਗਰਾਟਾਂ ਦਾ ਐਲਾਨ ਅੱਜ ਸਿਲਵੀਆ ਬਿਸ਼ਪ ਵੱਲੋਂ ਕੀਤਾ ਗਿਆ, ਜੋ ਪਿਛਲੀਆਂ ਦੋ ਟਰਮਾਂ ਤੋਂ ਕੌਂਸਲਰ ਹੈ ਅਤੇ ਟੀਮ ਡੈਲਟਾ ਦੇ ਅਧੀਨ ਮੇਅਰ ਦੇ ਅਹੁਦੇ ਲਈ ਚੋਣ ਲੜ੍ਹ ਰਹੀ ਹੈ।

'ਪਾਥਵੇਅ-ਟੂ ਹੈਲਥ ਕੇਅਰ ਕਰੀਅਰ' ਨਾਮੀ ਇਹ ਉਪਰਾਲਾ ਟੀਮ ਡੈਲਟਾ ਦੇ ਪ੍ਰਸਤਾਵਿਤ ਪੰਜ ਨੁਕਾਤੀ ਐਕਸ਼ਨ ਪਲੈਨ ਆਫ ਹੈਲਥ ਕੇਅਰ ਦਾ ਦੂਸਰਾ ਭਾਗ ਹੈ।

ਪਾਥਵੇਅ ਉਪਰਾਲੇ 'ਤੇ ਹਰ ਸਾਲ $95,000 ਤੱਕ ਦਾ ਖਰਚ ਆਏਗਾ ਜਿਸਦੀ ਭਰਪਾਈ ਸਿਟੀ ਆਫ ਡੈਲਟਾ ਵੱਲੋਂ ਗੇਟਵੇਅ ਕੈਸੀਨੋ ਅਤੇ ਮਨੋਰੰਜਨ ਕੌਰਪ. ਦੁਆਰਾ ਬਣਾਏ ਨਵੇਂ ਹੋਟਲ ਅਤੇ ਰਿਜ਼ੋਰਟ ਕੰਪਲੈਕਸ ਤੋਂ ਪ੍ਰਾਪਤ ਰਾਸ਼ੀ ਦੇ ਜ਼ਰੀਏ ਕੀਤੀ ਜਾਵੇਗੀ। ਇਹ ਸਾਲਾਨਾ ਰਾਸ਼ੀ $1.5 ਮਿਲੀਅਨ ਤੋਂ $3 ਮਿਲੀਅਨ ਡਾਲਰਾਂ ਦੇ ਵਿੱਚ ਅਨੁਮਾਨਿਤ ਹੈ।

ਬਿਸ਼ਪ ਨੇ ਕਿਹਾ "ਸਭ ਨੂੰ ਪਤਾ ਹੈ ਕਿ ਫਰੇਜ਼ਰ ਹੈਲਥ ਅਧਿਕਾਰੀਆਂ, ਜੋ ਕਿ ਡੈਲਟਾ ਦੇ ਨਿਵਾਸੀਆਂ ਲਈ ਹੈਲਥ ਕੇਅਰ ਸੇਵਾਵਾਂ ਪ੍ਰਦਾਨ ਕਰਦੇ ਹਨ ਦੇ ਕੌਲ ਬੀ.ਸੀ ਵਿੱਚ ਸਭ ਤੋਂ ਘੱਟ ਫੈਮਲੀ ਫਿਜ਼ੀਸ਼ੀਅਨ ਹਨ"।

"ਉਸੇ ਸਮੇਂ ਡੈਲਟਾ ਦੀ ਆਬਾਦੀ ਅਤੇ ਬਜ਼ੁਰਗਾਂ ਦੀ ਗਿਣਤੀ ਵੱਧ ਰਹੀ ਹੈ। ਇਸ ਤੋਂ ਸਾਫ ਹੈ ਕਿ ਸਾਡੇ ਸ਼ਹਿਰ ਵਿੱਚ ਜ਼ਿਆਦਾ ਡਾਕਟਰ ,ਨਰਸਾਂ ਅਤੇ ਹੈਲਥ ਕੇਅਰ ਪ੍ਰਦਾਨ ਕਰ ਰਹੇ ਪੇਸ਼ਾਵਾਰਾਂ ਦੀ ਤੁਰੰਤ ਜ਼ਰੂਰਤ ਹੈ। ਜੇ ਟੀਮ ਡੈਲਟਾ 20 ਅਕਤੂਬਰ ਦੀਆ ਚੋਣਾਂ ਵਿੱਚ ਸਫਲ ਰਹਿੰਦੀ ਹੈ ਤਾ ਅਸੀਂ ਇਸ ਮੁੱਦੇ ਨੂੰ ਸੰਬੋਧਿਤ ਕਰਾਂਗੇ ਅਤੇ ਨਿਵਾਸੀਆਂ ਲਈ ਸਿਹਤ ਸੰਭਾਲ ਸੇਵਾਵਾਂ ਵਿੱਚ ਬਿਹਤਰੀ ਕਰਾਂਗੇ"।

20 ਅਗਸਤ ਨੂੰ ਬਿਸ਼ਪ ਨੇ ਹੈਲਥ ਕੇਅਰ ਦੇ ਐਕਸ਼ਨ ਪਲਾਨ ਦੇ ਪਹਿਲੇ ਹਿੱਸੇ ਨੂੰ ਪੇਸ਼ ਕੀਤਾ। ਇਸਦੇ ਅਧੀਨ ਕੈਸੀਨੋ ਦੁਆਰਾ ਸਿਟੀ ਨੂੰ ਦਿੱਤੀ ਗਈ ਰਾਸ਼ੀ ਵਿੱਚ ਕੁਝ ਹਿੱਸਾ ਡਾਕਟਰਾਂ ਨੂੰ ਭਰਤੀ ਕਰਨ ਦੀ ਨੀਤੀ ਲਈ ਲਗਾਇਆ ਜਾਵੇਗਾ ਜਿਸਦੀ ਨਿਗਰਾਨੀ ਆਰਥਿਕ ਡਿਵੇਲਪਮੈਂਟ ਅਫਸਰ ਵੱਲੋਂ ਕੀਤੀ ਜਾਵੇਗੀ।

ਬਿਸ਼ਪ ਅੱਜ ਵਾਦਾ ਕਰ ਰਹੀ ਹੈ ਕਿ ਉਹ ਕਈ ਵਿੱਤੀ ਪ੍ਰੋਗਰਾਮਾਂ ਦੀ ਸ਼ੁਰੂਆਤ ਕਰੇਗੀ, ਉਹਨਾਂ ਨੌਜਵਾਨ ਵਿਦਿਆਰਥੀਆ ਲਈ ਜੋ ਸਿਹਤ ਸੰਭਾਲ ਵਿੱਚ ਕਰੀਅਰ ਬਣਾਉਣ ਚਾਹੁੰਦੇ ਹਨ। ਇਸਦੇ ਪਿੱਛੇ ਮਕਸਦ ਹੈ ਕਿ ਵਿੱਤੀ ਸਹਾਇਤਾ ਪ੍ਰਾਪਤ ਕਰ ਕਰੇ ਡੈਲਟਾ ਦੇ ਨੌਜਵਾਨ ਵਸਨੀਕਾਂ ਨੂੰ ਸ਼ਹਿਰ ਵਿੱਚ ਹੀ ਪ੍ਰੈਕਟਿਸ ਕਰਨ ਲਈ ਪ੍ਰੌਤਸ਼ਾਹਿਤ ਕੀਤਾ ਜਾਵੇ ਅਤੇ ਸਬ੍ਹੇ ਵਿੱਚ ਪੜਾਈ ਕਰਕੇ ਉਹ ਵਾਪਸ ਡੈਲਟਾ ਆ ਕੇ ਆਪਣੀ ਪ੍ਰੈਕਟਿਸ ਕਰਨ।

“ਅਸੀਂ ਉਹਨਾਂ ਨੌਜਵਾਨਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਡੈਲਟਾ ਸਕੂਲ ਤੋਂ ਗਰੈਜੂਏਟ ਹੋਣ ਤੋਂ ਬਾਦ ਜੇ ਉਹ ਹੈਲਥ ਕੇਅਰ ਵਿੱਚ ਆਪਣਾ ਕਰੀਅਰ ਬਣਾ ਰਹੇ ਹਨ,ਤਾਂ ਡੈਲਟਾ ਵਿੱਚ ਆਕੇ ਪ੍ਰੈਕਟਿਸ ਕਰਨ ਅਤੇ ਸਾਡੇ ਸ਼ਹਿਰ ਦੀ ਬਜ਼ੁਰਗ ਹੁੰਦੀ ਆਬਾਦੀ ਦੀ ਦੇਖ ਰੇਖ ਕਰਨ”।

ਸੰਪਰਕ ਕਰੋ:
Jason Craik, co-campaign manager 604-603-1790
Kristy Fredericks, co-campaign manager 604-626-1374
teamdeltamedia@gmail.com